**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ ਐਸ.ਏ.ਐਸ ਨਗਰ**
**(ਬਜਟ ਸ਼ਾਖਾ)**

ਯਾਦ ਪੱਤਰ:
ਈ-ਮੇਲ ਰਾਹੀਂ:
ਸੇਵਾ ਵਿਖੇ,

1. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ, ਬਠਿੰਡਾ, ਬਰਨਾਲਾ, ਫਰੀਦਕਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਸੰਗਰੂਰ, ਐਸ.ਏ.ਐਸ ਨਗਰ, ਐਸ.ਬੀ.ਐਸ ਨਗਰ ਅਤੇ ਤਰਨਤਾਰਨ
2. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਐਸ.ਏ.ਐਸ ਨਗਰ
3. ਸਲਾਹਕਾਰ ਖੇਤੀਬਾੜੀ, ਪੰਜਾਬ, ਐਸ.ਏ.ਐਸ ਨਗਰ।

ਮੀਮੋ ਨੰ: E-593810 (Budget-4) /ਬਜਟ/SPP/063-65
ਮਿਤੀ: 22-11-23

ਵਿਸ਼ਾ:- ਸਾਲ 2023-24 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2024-25 ਦੇ ਬਜਟ ਅਨੁਮਾਨ (ਰੈਵਿਨਿਊ) ਦੀਆਂ ਤਜਵੀਜਾਂ ਭੇਜਣ ਬਾਰੇ।

ਹਵਾਲਾ:- ਵਿਭਾਗ ਦੇ ਪੱਤਰ ਨੰ: E-593810(Budget-4) /2023304033-036 ਮਿਤੀ 30-10-2023 ਅਤੇ ਦੇ ਸਬੰਧ ਵਿੱਚ।

**********

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਆਪਣੇ ਅਤੇ ਆਪਣੇ ਅਧੀਨ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਡੀ.ਡੀ.ਓਜ਼ ਤੋਂ ਸਾਲ 2023-24 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2024-25 ਦੇ ਬਜਟ ਅਨੁਮਾਨ ਸਮੇਤ ਸਿਫਾਰਸ਼ ਮਿਤੀ 22-11-2023 ਤੱਕ ਦਸਤੀ ਡੀਲਿੰਗ ਸਹਾਇਕ ਜਾਂ ਜਿਸ ਨੂੰ ਇਸਦੀ ਪੂਰੀ ਜਾਣਕਾਰੀ ਹੋਵੇ, ਰਾਹੀਂ ਭੇਜਣ ਲਈ ਕਿਹਾ ਗਿਆ ਸੀ ਪਰੰਤੂ ਆਪ ਵੱਲੋਂ ਅਜੇ ਤੱਕ ਇਹ ਬਜਟ ਤਜਵੀਜਾਂ ਇਸ ਦਫਤਰ ਨੂੰ ਨਹੀਂ ਭੇਜੀਆਂ ਗਈਆਂ ਹਨ।

ਇਸ ਲਈ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਇਸ ਬਜਟ ਤਜਵੀਜਾਂ ਇਸ ਦਫਤਰ ਨੂੰ **ਮਿਤੀ 24-11-2023 ਤੱਕ ਦਸਤੀ ਸੁਪਰਡੈਂਟ ਜਾਂ ਜਿਸ ਨੂੰ ਇਸਦੀ ਪੂਰੀ ਜਾਣਕਾਰੀ ਹੋਵੇ, ਰਾਹੀਂ ਭੇਜੀਆਂ ਜਾਣ ਤਾਂ ਜੋ ਇਹ ਬਜਟ ਤਜਵੀਜ਼ਾਂ ਕੰਸਾਲੀਡੇਟ ਕਰਨ ਉਪਰੰਤ ਵਿੱਤ ਵਿਭਾਗ ਨੂੰ ਮਿਤੀ 30-11-2023 ਤੱਕ ਆਨਲਾਈਨ ਭੇਜੀਆਂ ਜਾ ਸਕਣ। ਜੇਕਰ ਮਿਤੀ 24-11-2023 ਤੱਕ ਬਜਟ ਤਜਵੀਜਾਂ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦੀਆਂ ਤਾਂ ਇਸ ਸਬੰਧੀ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ।**

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ)

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

DEOSE.BATHINDA@PUNJABEDUCATION.GOV.IN

ਪਿੱਠ ਅੰਕਣ ਲ-4/1()2023/ਬਜਟ ਮਿਤੀ 24.11.2023

ਉਪਰੋਕਤ ਦਾ ਉਤਾਰਾ (ਦਫ. ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ) ਪੰਜਾਬ ਦੇ ਮੀਮੋ ਨੰ E-593810(Budget-4)/ਬਜਟ/SPP/063-65 ਮਿਤੀ 22.11.2023) **ਪ੍ਰਿੰਸੀਪਲ / ਮੁੱਖ ਅਧਿਆਪਕ ਸਸਸਸ / ਸਹਸ** ਜਿਲ੍ਹਾ ਬਠਿੰਡਾ ਲਿਖਿਆ ਜਾਂਦਾ ਹੈ ਕਿ ਸਾਲ 2023-24 ਦੇ ਸੋਧੇ ਬਜਟ ਅਨੁਮਾਨ ਅਤੇ 2024-25 ਦੇ ਬਜਟ ਅਨੁਮਾਨ ਸਬੰਧੀ ਤਜ਼ਵੀਜਾਂ ਵਿਚ ਵਿਭਾਗ ਨੂੰ ਭੇਜੀਆਂ ਜਾਣੀਆਂ ਹਨ। ਇਸ ਲਈ ਆਪ ਨੂੰ ਗਿਆ ਸੀ ਕਿ ਸਾਲ 2023-24 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2024-25 ਦੇ ਬਜਟ ਅਨੁਮਾਨ ਮਿਤੀ 10.11.2023 ਤੱਕ ਭੇਜਣ ਲਈ ਲਿਖਿਆ ਗਿਆ ਸੀ । ਹੁਣ ਫਿਰ ਆਪ ਨੂੰ ਹਵਾਲਾ ਪੱਤਰ ਦੀ ਪਾਲਣਾ ਹਿੱਤ ਲਿਖਿਆ ਜਾਂਦਾ ਹੈ ਕਿ ਸਾਲ 2023-24 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2024-25 ਦੇ ਬਜਟ ਅਨੁਮਾਨ ਅੱਜ ਹੀ 4 ਵਜੇ ਤੱਕ ਭੇਜਿਆ ਜਾਵੇ । ਜੇਕਰ ਅੱਜ ਸੋਧੇ ਬਜਟ ਅਨੁਮਾਨ ਅਤੇ ਅਨੁਮਾਨਤ ਬਜਟ ਪ੍ਰਾਪਤ ਨਹੀ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਨੂੰ ਹੋਰ ਬਜਟ ਦੀ ਲੋੜ ਨਹੀ ਹੈ ਅਤੇ ਨਾ ਹੀ ਕੁਝ ਸਰੰਡਰ ਕਰਨਾ ਚਾਹੁੰਦੇ ਹੋ ।

24/11/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ